## ਇਹ ਉਹ ਪੰਜ ਸਮੱਗਰੀਆਂ ਹਨ, ਜਿਨ੍ਹਾਂ ਨੂੰ ਤੁਸੀਂ ਆਪਣੇ ਪੀਲੇ ਢੱਕਣ ਵਾਲੇ ਬਿੰਨ ਵਿੱਚ ਰੀਸਾਈਕਲ ਕਰ ਸਕਦੇ ਹੋ।




ਇਹ ਯਕੀਨੀ ਬਣਾਉਣਾ ਕਿ ਸਿਰਫ਼ ਇਹੀ ਚੀਜ਼ਾਂ ਹੀ ਤੁਹਾਡੇ ਪੀਲੇ ਢੱਕਣ ਵਾਲੇ ਬਿੰਨ ਵਿੱਚ ਜਾਣ, ਤੁਹਾਡੀ ਰੀਸਾਈਕਲ ਸਮੱਗਰੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਵਿੱਚ ਮੱਦਦ ਕਰਦਾ ਹੈ ਅਤੇ ਤੁਹਾਡੀਆਂ ਰੀਸਾਈਕਲ ਹੋਣ ਯੋਗ ਚੀਜ਼ਾਂ ਨੂੰ ਲੈਂਡਫਿਲ ਵਿੱਚ ਜਾਣ ਤੋਂ ਬਚਾਉਂਦਾ ਹੈ।

## ਕੂੜੇ ਦੀ ਛਾਂਟੀ ਲਈ ਸੁਝਾਅ




- **ਇਸਨੂੰ ਖੁੱਲ੍ਹਾ ਰੱਖੋ। ਆਪਣੇ ਰੀਸਾਈਕਲ ਕਰਨ ਵਾਲੇ ਸਾਮਾਨ ਨੂੰ ਲਿਫ਼ਾਫ਼ਿਆਂ ਵਿੱਚ ਨਾ ਪਾਓ।** ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਰੀਸਾਈਕਲ ਕਰਨ ਵਾਲਾ ਸਾਮਾਨ ਸਾਰੇ ਸਾਮਾਨ ਨੂੰ ਗੰਦਾ ਕਰਨ ਦਾ ਕਾਰਨ ਬਣਦਾ ਹੈ ਅਤੇ ਸਾਰੀ ਰੀਸਾਈਕਲ ਕਰਨ ਵਾਲੀ ਸਮੱਗਰੀ ਨੂੰ ਲੈਂਡਫਿਲ ਵਿੱਚ ਭੇਜ ਸਕਦਾ ਹੈ।
- **ੇਤਲਾਂ ਅਤੇ ਡੱਬਿਆਂ** ਨੂੰ ਖ਼ਾਲੀ ਅਤੇ ਹਲਕਾ ਜਿਹਾ ਧੋਤਾ ਹੋਣਾ ਚਾਹੀਦਾ ਹੈ। ਢੱਕਣ ਲੱਗੇ ਰਹਿਣ ਦਿਓ।
- **ਗੱਤੇ ਦੇ ਡੱਬੇ** ਚਪਟੇ ਕਰ ਦਿਓ।
- **ਤੁਹਾਡੇ ਬਿੰਨ ਲਈ ਢੁੱਕਵੀਆਂ ਨਾ ਹੋਣ ਵਾਲੀਆਂ ਚੀਜ਼ਾਂ ਲਈ** ਆਪਣੇ ਨਜ਼ਦੀਕੀ ਕੂੜਾ ਨਿਪਟਾਰਾ ਅਤੇ ਰੀਸਾਈਕਲਿੰਗ ਸਹੂਲਤ 'ਤੇ ਜਾਓ, ਜਿਵੇਂ ਕਿ ਬੈਟਰੀਆਂ, ਰਸਾਇਣ, ਜਾਂ ਵੱਡੀਆਂ ਚੀਜ਼ਾਂ ਲਈ।

## ਹੋਰ ਜਾਣਕਾਰੀ

ਜੇਕਰ ਤੁਹਾਡੇ ਕੋਈ ਸਵਾਲ ਹਨ ਕਿ ਕਿਸ ਬਿੰਨ ਵਿੱਚ ਕੀ ਜਾਂਦਾ ਹੈ, ਤਾਂ
**lccqld.com/which-bin 'ਤੇ ਜਾਓ।**

ਇਸ ਪਰਚੇ ਦੇ ਨਾਲ ਤੁਹਾਨੂੰ ਹੱਥ-ਪਹੁੰਚਲਾ ਫਰਿੱਜ ਮੈਗਨੈਟ ਅਤੇ ਸਟਿੱਕਰ ਦਿੱਤਾ ਗਿਆ ਹੈ, ਜੋ ਤੁਹਾਡੇ ਪੀਲੇ ਬਿੰਨ ਵਿੱਚ ਜਾ ਸਕਣ ਵਾਲੀਆਂ ਪੰਜ ਰੀਸਾਈਕਲ ਕਰਨ ਯੋਗ ਸਮੱਗਰੀਆਂ ਬਾਰੇ ਦੱਸਦਾ ਹੈ।

ਇਸ ਮਹੱਤਵਪੂਰਨ ਜਾਣਕਾਰੀ ਨੂੰ ਪੂਰੇ ਪਰਿਵਾਰ ਦੇ ਦੇਖਣ ਲਈ, ਤੁਸੀਂ ਇਸ ਮੈਗਨੈਟ ਨੂੰ ਆਪਣੇ ਫਰਿੱਜ ਉੱਤੇ ਅਤੇ ਸਟਿੱਕਰ ਨੂੰ ਆਪਣੇ ਬੈਂਚਟੌਪ 'ਤੇ ਰੱਖੇ ਰੀਸਾਈਕਲਿੰਗ ਕੰਟੇਨਰ 'ਤੇ ਲਗਾਓ।



**ਮੈਨੂੰ ਸੰਭਾਲੋ!**

ਇਸ ਛੋਟੀ ਗਾਈਡ ਨੂੰ ਆਪਣੇ ਨਵੇਂ ਮੈਗਨਟ ਹੇਠ ਆਪਣੀ ਫਰਿੱਜ ਉੱਤੇ ਲਾਓ।

## ਬਿੰਨ ਅਤੇ ਕੂੜਾ ਇਕੱਠਾ ਕਰਨ ਦੀ ਸੇਵਾ

ਅਸੀਂ ਇੱਕ ਆਮ ਕੂੜਾ ਬਿੰਨ, ਰੀਸਾਈਕਲਿੰਗ ਬਿੰਨ ਅਤੇ ਜੇਕਰ ਲੋੜ ਹੋਵੇ ਤਾਂ ਹਰੇ ਕੂੜੇ ਵਾਲਾ ਬਿੰਨ ਇਕੱਠਾ ਕਰਨ ਦੀ ਸੇਵਾ ਪ੍ਰਦਾਨ ਕਰਦੇ ਹਾਂ।

**ਆਮ ਕੂੜਾ ਬਿੰਨ :** ਹਰ ਹਫ਼ਤੇ ਇਕੱਠਾ ਕੀਤਾ ਜਾਂਦਾ ਹੈ।

**ਰੀਸਾਈਕਲ ਬਿੰਨ:** ਹਰ ਪੰਦਰਵੇਂ ਦਿਨ ਇਕੱਠਾ ਕੀਤਾ ਜਾਂਦਾ ਹੈ।

**ਹਰੇ ਕੂੜੇ ਵਾਲਾ ਬਿੰਨ:** ਰੀਸਾਈਕਲ ਬਿੰਨ ਤੋਂ ਬਾਅਦ ਵਾਲੇ ਹਫ਼ਤੇ ਵਿੱਚ ਹਰ ਪੰਦਰਾਂ ਦਿਨਾਂ ਵਿੱਚ ਇਕੱਠਾ ਕੀਤਾ ਜਾਂਦਾ ਹੈ।

## ਬਿੰਨ ਸਹੀ ਥਾਂ 'ਤੇ ਰੱਖਣ ਬਾਰੇ ਹਿਦਾਇਤਾਂ

ਤੁਹਾਡਾ ਬਿੰਨ ਤੁਹਾਡਾ ਕੂੜਾ ਚੁੱਕਣ ਵਾਲੇ ਦਿਨ ਸਵੇਰੇ 6 ਵਜੇ ਤੋਂ ਸ਼ਾਮ 6 ਵਜੇ ਦੇ ਵਿਚਕਾਰ ਕਿਸੇ ਵੀ ਸਮੇਂ ਖ਼ਾਲੀ ਕੀਤਾ ਜਾ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਇਨ੍ਹਾਂ ਸੁਝਾਵਾਂ ਦੀ ਪਾਲਣਾ ਕਰੋ ਕਿ ਤੁਹਾਡੇ ਬਿੰਨ ਹਰ ਵਾਰ ਖ਼ਾਲੀ ਕੀਤੇ ਜਾਣ:

- ਆਪਣੀ ਬਿੰਨ ਨੂੰ ਜ਼ਿਆਦਾ ਨਾ ਭਰੋ ਅਤੇ ਇਹ ਯਕੀਨੀ ਬਣਾਓ ਕਿ ਤੁਸੀਂ ਢੱਕਣ ਨੂੰ ਪੂਰੀ ਤਰ੍ਹਾਂ ਬੰਦ ਕਰ ਸਕਦੇ ਹੋ।
- ਕੂੜਾ ਇਕੱਠਾ ਕਰਨ ਵਾਲੇ ਦਿਨ ਤੋਂ ਇੱਕ ਰਾਤ ਪਹਿਲਾਂ ਆਪਣੇ ਬਿੰਨ ਨੂੰ ਬਾਹਰ ਰੱਖੋ।
- ਦੋ ਬਿੰਨਾ ਦੇ ਵਿਚਕਾਰ ਘੱਟੋ-ਘੱਟ 30 ਸੈਂਟੀਮੀਟਰ ਦਾ ਫਾਸਲਾ ਰੱਖੋ।
- ਆਪਣੇ ਬਿੰਨ ਨੂੰ ਸੜਕ ਵੱਲ ਮੂੰਹ ਕਰਕੇ ਰੱਖੋ, ਸੜਕ ਦੇ ਕਿਨਾਰੇ ਜਾਂ ਘਾਹ ਦੀ ਪੱਟੀ ਤੋਂ 1 ਮੀਟਰ ਤੋਂ ਜ਼ਿਆਦਾ ਦੂਰ ਨਾ ਹੋਵੇ।
- ਆਪਣੇ ਬਿੰਨ ਨੂੰ ਥੱਲੇ ਲਟਕ ਰਹੀਆਂ ਟਾਹਣੀਆਂ, ਉੱਪਰ ਲਟਕ ਰਹੀਆਂ ਤਾਰਾਂ ਜਾਂ ਪਾਰਕ ਕੀਤੀਆਂ ਕਾਰਾਂ ਦੇ ਨੇੜੇ/ਪਿੱਛੇ ਨਾ ਰੱਖੋ।

## ਕੂੜੇਦਾਨ ਸੇਵਾਵਾਂ

ਆਪਣੇ ਬਿੰਨਾਂ ਨੂੰ ਇਕੱਠਾ ਕਰਨ ਦੇ ਦਿਨ ਦਾ ਪਤਾ ਲਗਾਓ, ਨਵੇਂ ਜਾਂ ਵਧੀਕ ਬਿੰਨ ਆਰਡਰ ਕਰੋ, ਉਨ੍ਹਾਂ ਨੂੰ ਬਦਲੋ ਜਾਂ ਆਪਣੇ ਆਮ ਕੂੜੇਦਾਨਾਂ, ਰੀਸਾਈਕਲਿੰਗ ਅਤੇ ਹਰੇ ਬਿੰਨ ਦਾ ਆਕਾਰ ਬਦਲਣ ਦੀ ਬੇਨਤੀ ਕਰੋ।

**lccqld.com/waste-collection**

# ਆਓ ਇਸਨੂੰ ਠੀਕ ਢੰਗ ਨਾਲ ਕਰੀਏ।

# ਛਾਂਟੀ ਕੀਤਾ ਹੋਇਆ

**ਇਸਨੂੰ ਲੈਂਡਫਿਲ ਵਿੱਚ ਨਾ ਗੁਆਓ।**
ਆਪਣੇ ਰੀਸਾਈਕਲਿੰਗ ਗਿਆਨ ਨੂੰ ਅੱਪਡੇਟ ਕਰਨ ਲਈ ਕੁੱਝ ਸਮਾਂ ਕੱਢੋ।

**lccqld.com/lets-get-it-sorted**



# ਹਰੇਕ ਬਿੰਨ ਵਿੱਚ ਕੀ ਜਾਂਦਾ ਹੈ?

ਪੂਰੀ ਸੂਚੀ ਲਈ lccqld.com/which-bin 'ਤੇ ਜਾਓ

**ਕਿਸੇ ਵੀ ਬਿੰਨ ਵਿੱਚ ਨਾ ਪਾਓ:** ਇਲੈਕਟ੍ਰਾਨਿਕ ਕੂੜਾ ਜਾਂ ਬਿਜਲੀ ਦੀਆਂ ਤਾਰਾਂ, ਕਿਸੇ ਵੀ ਕਿਸਮ ਦੀਆਂ ਬੈਟਰੀਆਂ, ਰਸਾਇਣ ਜਾਂ ਖ਼ਤਰਨਾਕ ਕੂੜਾ, ਇਮਾਰਤੀ ਕੂੜਾ, ਮਿੱਟੀ ਜਾਂ ਮਲਬਾ। ਇਹ ਚੀਜ਼ਾਂ ਕਿੱਥੇ ਸੁੱਟਣੀਆਂ ਹਨ, ਇਸਦਾ ਪਤਾ ਲਗਾਉਣ ਲਈ ਇਸ QR ਕੋਡ ਨੂੰ ਸਕੈਨ ਕਰੋ।

## ਰੀਸਾਈਕਲ ਕਰਨ ਵਾਲੀਆਂ


**ਆਪਣੀਆਂ ਰੀਸਾਈਕਲ ਕਰਨ ਯੋਗ ਚੀਜ਼ਾਂ ਨੂੰ ਲਿਫ਼ਾਫ਼ਿਆਂ ਵਿੱਚ ਨਹੀਂ, ਸਗੋਂ ਖੁੱਲ੍ਹਾ ਹੀ ਬਿੰਨ ਵਿੱਚ ਪਾਓ। ਜਗ੍ਹਾ ਬਚਾਉਣ ਲਈ ਡੱਬਿਆਂ ਨੂੰ ਚਪਟਾ ਕਰੋ।**

### ✔ ਹਾਂ



ਐਲੂਮੀਨੀਅਮ ਅਤੇ ਸਟੀਲ ਦੇ ਟੀਨ, ਡੱਬੇ, ਫੁਆਇਲ


ਕੱਚ ਦੀਆਂ ਬੋਤਲਾਂ ਅਤੇ ਜਾਰ



ਗੱਤੇ, ਅਨਾਜ ਦੇ ਡੱਬੇ, ਅੰਡੇ ਦੇ ਡੱਬੇ

ਕਾਗਜ਼, ਅਖ਼ਬਾਰ, ਰਸਾਲੇ, ਕਾਗਜ਼ ਦੇ ਲਿਫ਼ਾਫ਼ੇ

ਸਵੀਕਾਰਯੋਗ ਪਲਾਸਟਿਕ ਦੀਆਂ ਬੋਤਲਾਂ ਅਤੇ ਡੱਬੇ





### ✖ ਨਹੀਂ

ਪਲਾਸਟਿਕ ਦੇ ਬੈਗ, ਹੋਰ ਨਰਮ ਪਲਾਸਟਿਕ, ਕੱਪੜੇ, ਜੁੱਤੇ, ਕੱਪੜਾ, ਕੋਟੇਡ ਜਾਂ ਮੋਮ ਵਾਲਾ ਗੱਤਾ, ਇਲੈਕਟ੍ਰਾਨਿਕ ਰਹਿੰਦ-ਖੂੰਹਦ ਅਤੇ ਬੈਟਰੀਆਂ, ਕਰੌਕਰੀ, ਪੋਲੀਸਟਾਈਰੀਨ (ਸਟਾਈਰੋਫੋਮ)। ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਰੀਸਾਈਕਲ ਹੋਣ ਯੋਗ ਚੀਜ਼ਾਂ (ਇਨ੍ਹਾਂ ਨੂੰ ਖੁੱਲ੍ਹਾ ਪਾਓ)।

## ਆਮ ਕੂੜਾ-ਕਰਕਟ

**ਇਸ ਬਿੰਨ ਦੀ ਵਰਤੋਂ ਸਿਰਫ਼ ਉਨ੍ਹਾਂ ਚੀਜ਼ਾਂ ਲਈ ਕਰੋ ਜਿਨ੍ਹਾਂ ਨੂੰ ਦੁਬਾਰਾ ਵਰਤਿਆ ਜਾਂ ਰੀਸਾਈਕਲ ਨਹੀਂ ਕੀਤਾ ਜਾ ਸਕਦਾ ਹੈ।**


### ✔ ਹਾਂ



ਪਲਾਸਟਿਕ ਬੈਗ, ਭੋਜਨ ਰੈਪਰ, ਪਲਾਸਟਿਕ ਫਿਲਮ


ਟੁੱਟੇ ਹੋਏ ਕੱਚ ਦੇ ਭਾਂਡੇ, ਕਰੌਕਰੀ ਅਤੇ ਸ਼ੀਸ਼ੇ

ਪੁਰਾਣੇ ਕੱਪੜੇ, ਜੁੱਤੇ ਜਾਂ ਕੱਪੜਾ ਜਿਨ੍ਹਾਂ ਦੀ ਮੁਰੰਮਤ ਜਾਂ ਦਾਨ ਨਹੀਂ ਕੀਤਾ ਜਾ ਸਕਦਾ



ਨੈਪੀ, ਗਿੱਲੇ ਵਾਈਪਸ, ਬਿੱਲੀਆਂ ਦੇ ਗੰਦੇ ਵਾਲੀ ਰੇਤ, ਜਾਨਵਰਾਂ ਦਾ ਮਲ

ਭੋਜਨ, ਡੇਅਰੀ, ਮਾਸ, ਫ਼ਲ ਅਤੇ ਸਬਜ਼ੀਆਂ




### ✖ ਨਹੀਂ

ਇਲੈਕਟ੍ਰਾਨਿਕ ਕੂੜਾ ਅਤੇ ਬੈਟਰੀਆਂ, ਘਰੇਲੂ ਰਸਾਇਣ, ਰੀਸਾਈਕਲ ਕਰਨ ਯੋਗ ਵਸਤੂਆਂ, ਮਿੱਟੀ, ਇਮਾਰਤੀ ਸਮੱਗਰੀ।

## ਹਰਾ ਕੂੜਾ-ਕਰਕਟ

**ਸਿਰਫ਼ ਬਗੀਚੇ ਦਾ ਕੂੜਾ-ਕਰਕਟ ਅਤੇ ਕਾਂਟ-ਛਾਂਟ।**

### ✔ ਹਾਂ



ਨਦੀਨ


ਖਜੂਰ ਦੇ ਕੱਟੇ ਹੋਏ ਪੱਤੇ

ਕੱਟਿਆ ਹੋਇਆ ਘਾਹ



ਝਾੜੀਆਂ ਅਤੇ ਦਰੱਖਤਾਂ ਦੀ ਕਾਂਟੀ-ਛਾਂਟੀ

ਪੱਤੇ ਅਤੇ ਉਤਾਰਿਆ ਹੋਇਆ ਸੱਕ




### ✖ ਨਹੀਂ

ਪਲਾਸਟਿਕ ਜਾਂ ਖਾਦ ਬਣਨ ਵਾਲੇ ਬੈਗ, ਵੱਡੇ ਲੱਕੜ ਦੇ ਗੋਲੇ, ਟਾਹਣੀਆਂ ਅਤੇ ਰੁੱਖਾਂ ਦੀਆਂ ਜੜ੍ਹਾਂ, ਮਿੱਟੀ, ਪੱਥਰ, ਇਮਾਰਤੀ ਸਮੱਗਰੀ, ਜਾਨਵਰ, ਟ੍ਰੀਟ ਕੀਤੀ ਜਾਂ ਪੇਂਟ ਕੀਤੀ ਲੱਕੜ, ਕੰਪੋਜ਼ਿਟ, ਗੱਤਾ, ਕਾਗਜ਼, ਗਮਲੇ ਦੀ ਮਿੱਟੀ, ਸੁਆਹ।